# ਸੰਕੇਤਕ ਢੰਗ ਨਾਲ ਸੋਚਣਾ

## ਚੋਣ ਬੋਰਡ

ਆਪਣੇ ਬੱਚੇ ਨੂੰ ਹੇਠਾਂ ਦਿਖਾਈਆਂ ਗਈਆਂ ਗਤੀਵਿਧੀਆਂ ਵਿੱਚੋਂ ਇੱਕ ਜਾਂ ਵੱਧ ਦੀ ਚੋਣ ਕਰਨ ਲਈ ਆਖੋ। ਚੋਣ ਕਰਨਾ ਅਤੇ ਉਸਦਾ ਅਨੁਸਰਨ ਕਰਨਾ, ਬੌਧਿਕ ਅਤੇ ਸਮਾਜਿਕ ਮਾਨਸਿਕ ਵਿਕਾਸ ਲਈ ਮਹੱਤਵਪੂਰਣ ਕੁਸ਼ਲਤਾਵਾਂ ਹਨ।

### ਪੁੱਛਣ ਲਈ ਸਵਾਲ:

- ਤੁਹਾਨੂੰ ਸ਼ੁਰੂਆਤ ਕਰਨ ਲਈ ਕਿਹੜੀਆਂ ਸਮੱਗਰੀਆਂ ਦੀ ਲੋੜ ਹੈ?
- ਤੁਸੀਂ ਪਹਿਲਾਂ ਕਿਹੜੇ ਭਾਗਾਂ ਦੀ ਡ੍ਰਾਇੰਗ ਕਰਨ ਵਾਲੇ ਹੋ?
- ਜੋ ਤੁਸੀਂ ਇੱਥੇ ਬਣਾਇਆ ਹੈ, ਮੈਨੂੰ ਉਸ ਬਾਰੇ ਦੱਸੋ।
- ਤੁਹਾਡਾ ਮਨਪਸੰਦ ਭਾਗ ਕਿਹੜਾ ਹੈ?
- ਤੁਸੀਂ ਹੋਰ ਕਿਹੜੇ ਵੇਰਵੇ ਸ਼ਾਮਲ ਕਰ ਸਕਦੇ ਹੋ?
- ਤੁਹਾਡੇ ਆਲੇ ਦੁਆਲੇ ਹੋਰ ਕੀ ਸੀ?

| | | |
|---|---|---|
| ਇਸਦੀ ਡ੍ਰਾਇੰਗ ਬਣਾ ਕੇ ਇਸ ਬਾਰੇ ਦੱਸੋ: ਆਪਣੇ ਬੱਚੇ ਨੂੰ ਤਸਵੀਰ ਬਣਾਉਣ ਲਈ ਅਤੇ ਫਿਰ ਇਸ ਬਾਰੇ ਤੁਹਾਨੂੰ ਦੱਸਣ ਲਈ ਆਖੋ ਕਿ ਉਸਨੇ ਕੀ ਬਣਾਇਆ ਹੈ। | ਇਸ ਉੱਤੇ ਐਕਟ ਕਰੋ: ਇੱਕ ਗੇਮ ਖੇਡੋ, ਜਿੱਥੇ ਤੁਹਾਡਾ ਬੱਚਾ ਕੁਝ ਐਕਟ ਕਰਦਾ ਹੈ ਅਤੇ ਅੰਦਾਜ਼ਾ ਲਗਾਉਣ ਦੀ ਕੋਸ਼ਿਸ਼ ਕਰਕੇ ਕਿ ਉਹ ਕੀ ਐਕਟ ਕਰ ਰਿਹਾ ਹੈ। ਇਸਨੂੰ ਕਈ ਵਾਰ ਕਰਦੇ ਹੋਏ ਵਾਰੀ ਬੰਨ੍ਹੋ। | ਇਹ ਬਣਾਓ: ਕੁਝ ਬਣਾਉਣ ਲਈ ਗੱਤਾ, ਪੇਪਰਕਲਿੱਪਾਂ, ਪੱਥਰ ਜਾਂ ਹੋਰ ਸਮੱਗੀਆਂ ਇਕੱਤਰ ਕਰੋ। ਆਪਣੇ ਬੱਚੇ ਨੂੰ ਉਸਦੀ ਤਸਵੀਰ ਬਣਾਉਣ ਲਈ ਆਖੋ, ਜੋ ਉਹ ਬਣਾਉਣ ਵਾਲੇ ਹਨ ਅਤੇ ਫਿਰ ਉਸਨੂੰ ਉਸਦੀ ਡ੍ਰਾਇੰਗ ਬਣਾਉਣ ਦਿਓ। |
| ਸੈਰ ਕਰੋ ਅਤੇ ਡ੍ਰਾਇੰਗ ਬਣਾਓ: ਬਾਹਰ ਸੈਰ ਕਰਨ ਜਾਓ। ਉਹਨਾਂ ਚੀਜ਼ਾਂ ਬਾਰੇ ਗੱਲ ਕਰੋ, ਜੋ ਤੁਸੀਂ ਦੇਖਦੇ ਹੋ (ਕਾਰਾਂ, ਘਰ, ਰੁੱਖ ਆਦਿ) ਜਦੋਂ ਤੁਸੀਂ ਘਰ ਵਾਪਸ ਆਓ, ਤਾਂ ਆਪਣੇ ਬੱਚੇ ਨੂੰ ਕੋਈ ਅਜਿਹੀ ਚੀਜ਼ ਬਣਾਉਣ ਲਈ ਆਖੋ, ਜੋ ਉਸਨੇ ਸੈਰ ਦੇ ਸਮੇਂ ਦੇਖੀ ਹੋਵੇ। | ਪੜ੍ਹੋ ਅਤੇ ਕਿਰਿਆ ਕਰੋ: ਇਕੱਠੇ ਇੱਕ ਕਿਤਾਬ ਪੜ੍ਹੋ। ਪੜ੍ਹਨ ਤੋਂ ਬਾਅਦ, ਆਪਣੇ ਬੱਚੇ ਨੂੰ ਕਹਾਣੀ ਦੇ ਕਿਸੇ ਭਾਗ ਜਾਂ ਪੂਰੀ ਕਹਾਣੀ ਤੇ ਕਿਰਿਆ ਕਰਨ ਲਈ ਆਖੋ। | ਯਾਦ ਕਰੋ ਅਤੇ ਬਣਾਓ: ਆਪਣੇ ਬੱਚੇ ਤੋਂ ਉਸਦੀਆਂ ਮਨਪਸੰਦ ਯਾਦਾਂ ਵਿੱਚੋਂ ਕਿਸੇ ਇੱਕ ਬਾਰੇ ਪੁੱਛੋ, ਉਸਨੂੰ ਇਸਦੀ ਡ੍ਰਾਇੰਗ ਬਣਾਉਣ ਜਾਂ ਤੁਹਾਡੇ ਲਈ ਇਸ ਉੱਤੇ ਐਕਟ ਕਰਨ ਲਈ ਆਖੋ। |